BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ COVID-19 ਨੂੰ ਫੈਲਣ ਤੋਂ ਰੋਕਣ ਲਈ ਸਰੀਰਕ ਦੂਰੀ ਲਾਗੂ ਕਰਨ ਲਈ ਹਰੇਕ ਅਪਰਾਧ ਵਾਸਤੇ $100,000 ਤੱਕ ਦੇ ਜੁਰਮਾਨੇ ਦਾ ਬਾਇ-ਲਾਅ ਪਾਸ ਕੀਤਾ

ਬ੍ਰੈਂਪਟਨ, ਓਨਟੈਰੀਓ (31 ਮਾਰਚ, 2020) – ਅੱਜ, ਮੇਅਰ ਪੈਟਰਿਕ ਬ੍ਰਾਊਨ ਨੇ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਦੇ ਬਚਾਅ ਵਿੱਚ ਮਦਦ ਲਈ, ਬ੍ਰੈਂਪਟਨ COVID-19 ਐਮਰਜੈਂਸੀ ਮੇਜਰਸ ਬਾਇ-ਲਾਅ (Brampton COVID-19 Emergency Measures By-law) ਤੇ ਦਸਤਖ਼ਤ ਕੀਤੇ। ਸਿਟੀ ਕਾਉਂਸਿਲ (City Council) ਨੇ ਸਟਾਫ਼ ਨੂੰ ਨਿਰਦੇਸ਼ ਦਿੱਤਾ ਕਿ ਉਹ 25 ਮਾਰਚ, 2020 ਨੂੰ ਕਾਉਂਸਿਲ ਦੀ ਖਾਸ ਮੀਟਿੰਗ (Special Meeting) ਵਿੱਚ ਸੋਧ ਕੀਤੇ ਗਏ ਬਾਇ-ਲਾਅ ਦੇ ਅਮਲ ਦੀ ਪੜਚੋਲ ਕਰੇ।
ਨਵਾਂ ਬਾਇ-ਲਾਅ, ਭਾਈਚਾਰੇ ਵਿੱਚ COVID-19 (ਸੀ.ਓ.ਵੀ.ਆਈ.ਡੀ.-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ ਕੁਝ ਗਤੀਵਿਧੀਆਂ ਨੂੰ ਵਰਜਤ ਕਰਦਾ ਹੈ ਅਤੇ ਸਰੀਰਕ ਦੂਰੀ ਨੂੰ ਲਾਜ਼ਮੀ ਬਣਾਉਂਦਾ ਹੈ। ਜੋ ਲੋਕ ਸਰੀਰਕ ਦੂਰੀ ਦੇ ਵਿਧਾਨ ਦੀ ਪਾਲਣਾ ਨਹੀਂ ਕਰ ਰਹੇ ਹਨ, ਉਹਨਾਂ ਨੂੰ ਹਰੇਕ ਅਪਰਾਧ ਲਈ ਘੱਟੋ-ਘੱਟ $500 ਦਾ ਅਤੇ ਵੱਧ ਤੋਂ ਵੱਧ $100,000 ਤੱਕ ਦਾ ਜੁਰਮਾਨਾ ਲੱਗ ਸਕਦਾ ਹੈ।

ਇਸ ਬਾਇ-ਲਾਅ ਦੇ ਅਧੀਨ ਆਉਣ ਵਾਲੇ ਮਿਉਨਿਸਿਪਲ ਵਿਧਾਨਾਂ ਵਿੱਚ ਸ਼ਾਮਲ ਹਨ:

- ਲੋਕਾਂ ਨੂੰ ਕਿਸੇ ਵੀ ਜਨਤਕ ਪ੍ਰਾਪਰਟੀ ਤੇ ਇੱਕ-ਦੂਜੇ ਤੋਂ 2.0 ਮੀਟਰ ਤੋਂ ਘੱਟ ਦੀ ਦੂਰੀ ਰੱਖਣ ਤੋਂ ਵਰਜਤ ਕਰਨਾ (ਉਹਨਾਂ ਲੋਕਾਂ ਨੂੰ ਛੱਡ ਕੇ, ਜਿਹਨਾਂ ਨਾਲ ਉਹ ਰਹਿੰਦੇ ਹਨ);
- ਕਾਰੋਬਾਰੀਆਂ ਨੂੰ, ਲੋਕਾਂ ਨੂੰ 2.0 ਮੀਟਰ ਤੋਂ ਘੱਟ ਦੂਰ ਬੈਠਣ ਜਾਂ ਖੜ੍ਹੇ ਹੋਣ ਦੇਣ ਦੀ ਇਜਾਜ਼ਤ ਦੇਣ ਤੋਂ ਵਰਜਤ ਕਰਨਾ, ਭਾਵੇਂ ਉਹ ਵਪਾਰਕ ਸੰਸਥਾਨ ਦੇ ਅੰਦਰ ਹੋਣ ਜਾਂ ਬਾਹਰ (ਉਹਨਾਂ ਲੋਕਾਂ ਨੂੰ ਛੱਡ ਕੇ, ਜਿਹਨਾਂ ਨਾਲ ਉਹ ਰਹਿੰਦੇ ਹਨ);
- ਲੋਕਾਂ ਨੂੰ ਸਿਟੀ ਦੀ ਹੇਠਾਂ ਲਿਖੀ ਪ੍ਰਾਪਰਟੀ ਵਿੱਚੋਂ ਕਿਸੇ ਦੀ ਵੀ ਵਰਤੋਂ ਕਰਨ ਤੋਂ ਵਰਜਤ ਕਰਨਾ:
    - ਪਲੇਗ੍ਰਾਊਂਡ ਅਤੇ ਪਾਰਕਾਂ ਵਿੱਚ ਹੋਰ ਥਾਵਾਂ;
    - ਬਿਨਾਂ ਜੰਜੀਰ ਬੰਨ੍ਹੇ ਕੁੱਤਿਆਂ ਲਈ ਪਾਰਕ (ਡੌਗ ਪਾਰਕ);
    - ਪਿਕਨਿਕ ਸ਼ੈਲਟਰ;
    - ਸਾਰੀਆਂ ਆਉਟਡੋਰ ਸਪੋਰਟਸ ਫੈਸਿਲਿਟੀਜ ਅਤੇ ਆਉਟਡੋਰ ਫਿਟਨੈਸ ਉਪਕਰਨ, ਜਿਹਨਾਂ ਵਿੱਚ ਸ਼ਾਮਲ ਹਨ ਸਪੋਰਟਸ ਫੀਲਡਸ, ਬਾਸਕੇਟਬਾਲ ਅਤੇ ਟੈਨਿਸ ਕੋਰਟਸ;
    - ਰੇਕ੍ਰੀਏਸ਼ਨ ਸੈਂਟਰ ਅਤੇ ਆਲੇ ਦੁਆਲੇ ਦੀਆਂ ਥਾਵਾਂ; ਅਤੇ
    - ਪਾਰਕਿੰਗ ਲੌਟਸ।

ਸਿਟੀ, ਬ੍ਰੈਂਪਟਨ ਦੇ ਨਿਵਾਸੀਆਂ ਨੂੰ ਸੂਚਨਾਵਾਂ ਦਿੰਦੇ ਰਹਿਣ ਲਈ ਵਚਨਬੱਧ ਹੈ। ਇਹ COVID-19 ਵਾਸਤੇ ਸਿਟੀ ਦੀ ਪ੍ਰਤੀਕਿਰਿਆ ਬਾਰੇ ਤਾਜ਼ਾ ਜਾਣਕਾਰੀ ਦੇ ਉਪਲਬਧ ਹੁੰਦੇ ਹੀ ਨਿਵਾਸੀਆਂ ਨੂੰ ਉਹ ਜਾਣਕਾਰੀ ਦੇਣਾ ਜਾਰੀ ਰੱਖੇਗੀ। ਉਪਰੋਕਤ ਫੈਸਲਿਆਂ ਬਾਰੇ ਅਤੇ COVID-19 ਦੀ ਪ੍ਰਤੀਕਿਰਿਆ ਵਿੱਚ ਭਾਈਚਾਰੇ ਨੂੰ ਸਹਿਯੋਗ ਕਰਨ ਦੇ ਸਿਟੀ ਦੇ ਸਾਰੇ ਯਤਨਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/COVID19 ਤੇ ਜਾਓ ਜਾਂ @CityBrampton ਨੂੰ Twitter, Facebook ਅਤੇ Instagram ਤੇ ਫਾੱਲੋ ਕਰੋ।

**ਸੰਖੇਪ ਤੱਥ**

- 25 ਮਾਰਚ, 2020 ਨੂੰ 15,708 ਭਾਗੀਦਾਰਾਂ ਦੇ ਨਾਲ COVID-19 ਟੈਲੀ ਟਾਊਨ ਹਾਲ (COVID-19 Tele Town Hall) ਵਿਖੇ, 76 ਪ੍ਰਤੀਸ਼ਤ ਲੋਕਾਂ ਨੇ ਵੋਟ ਰਾਹੀਂ ਦੱਸਿਆ ਸੀ ਕਿ ਉਹ ਸਰੀਰਕ ਦੂਰੀ ਨਾ ਰੱਖਣ ਵਾਲੇ ਲੋਕਾਂ ਲਈ, ਸਿਟੀ ਸਟਾਫ਼ ਵੱਲੋਂ ਜੁਰਮਾਨਾ ਲਗਾਉਣ ਦਾ ਸਮਰਥਨ ਕਰਦੇ ਹਨ।
- 27 ਮਾਰਚ, 2020 ਨੂੰ, ਓਨਟੈਰੀਓ ਸੂਬੇ (Province of Ontario) ਨੇ ਮਿਊਨਿਸਿਪਲਟੀਜ ਨੂੰ ਦੱਸਿਆ ਸੀ ਕਿ ਉਸਨੇ ਅਜਿਹਾ ਕਨੂੰਨ ਪਾਸ ਕੀਤਾ ਹੈ, ਜੋ ਸਿਟੀ ਦੇ ਮਿਊਨਿਸਿਪਲ ਲਾੱ ਐਨਫੋਰਸਮੈਂਟ ਅਫ਼ਸਰਾਂ ਨੂੰ, *ਐਮਰਜੈਂਸੀ ਮੈਨੇਜਮੈਂਟ ਐਂਡ ਸਿਵਿਲ ਪ੍ਰੋਟੈਕਸ਼ਨ ਐਕਟ (Emergency Management and Civil Protection Act)* ਦੇ ਅਧੀਨ, ਸੂਬੇ ਵੱਲੋਂ ਪਾਸ ਕੀਤੇ ਵਿਧਾਨਾਂ ਨੂੰ ਲਾਗੂ ਕਰਨ ਦਾ ਅਧਿਕਾਰ ਦਿੰਦਾ ਹੈ।
- 26 ਮਾਰਚ ਤੱਕ, ਬ੍ਰੈਂਪਟਨ ਵਿੱਚ ਸਾਰੇ 500+ ਪਾਰਕ ਅਤੇ ਪਲੇਗ੍ਰਾਊਂਡ ਅਗਲੇ ਨੋਟਿਸ ਤੱਕ, ਜਨਤਾ ਲਈ ਬੰਦ ਕਰ ਦਿੱਤੇ ਗਏ ਹਨ।
- ਹੁਣੇ ਜਿਹੇ, COVID-19 ਨੂੰ ਫੈਲਣ ਤੋਂ ਰੋਕਣ ਦੀ ਕੋਸ਼ਿਸ਼ ਵਿੱਚ, ਜ਼ਰੂਰੀ ਬਨਾਮ ਗੈਰ-ਜ਼ਰੂਰੀ ਕਾਰੋਬਾਰ ਨਿਯਤ ਕਰਦੇ ਹੋਏ ਕਨੂੰਨ ਪਾਸ ਕੀਤਾ ਗਿਆ ਸੀ।
  - ਜੇਕਰ ਨਿਵਾਸੀ ਕਨੂੰਨ ਦੀ ਪਾਲਣਾ ਨਾ ਕਰਨ ਵਾਲੇ ਕਿਸੇ ਕਾਰੋਬਾਰੀ ਦੀ, ਸਿਟੀ ਦੀ ਮਾਲਕੀ ਵਾਲੀਆਂ ਉਹਨਾਂ ਫੈਸੀਲਿਟੀਜ ਦੀ ਵਰਤੋਂ ਕਰਨ ਦੀ, ਜੋ ਬੰਦ ਹਨ (ਜ਼ਰੂਰੀ ਸੇਵਾਵਾਂ ਨੂੰ ਛੱਡ ਕੇ) ਜਾਂ ਪੰਜ ਲੋਕਾਂ ਤੋਂ ਵੱਧ ਦੇ ਇਕੱਠ ਦੀ ਰਿਪੋਰਟ ਕਰਨਾ ਚਾਹੁੰਦੇ ਹਨ, ਤਾਂ ਉਹਨਾਂ ਨੂੰ 311 ਤੇ ਫੋਨ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਅਨੁਪਾਲਣ ਨੂੰ ਯਕੀਨੀ ਬਣਾਉਣ ਲਈ, ਇੱਕ ਬਾਇ-ਲਾਅ ਐਨਫੋਰਸਮੈਂਟ ਅਫ਼ਸਰ ਅਤੇ/ਜਾਂ ਸਿਕਿਓਰਿਟੀ ਅਧਿਕਾਰੀ ਸ਼ਿਕਾਇਤ ਦੀ ਜਾਂਚ ਕਰੇਗਾ। ਸ਼ਿਕਾਇਤ ਉਚਿਤ ਹੋਣ ਤੇ ਸਬੰਧਿਤ ਲੋਕਾਂ ਤੇ ਜੁਰਮਾਨਾ ਲੱਗ ਸਕਦਾ ਹੈ।
  - ਜੇਕਰ ਨਿਵਾਸੀ ਕਨੂੰਨ ਦੀ ਪਾਲਣਾ ਨਾ ਕਰਨ ਵਾਲੇ, ਕਿਸੇ ਬਾਰ ਜਾਂ ਰੈਸਟੋਰੈਂਟ ਜਿਹੇ ਭੋਜਨ ਸਬੰਧੀ ਸੰਸਥਾਨ ਦੀ ਰਿਪੋਰਟ ਕਰਨਾ ਚਾਹੁੰਦੇ ਹਨ, ਤਾਂ ਉਹ ਪੀਲ ਪਬਲਿਕ ਹੈਲਥ (Peel Public Health) ਨੂੰ 905.799.7700 ਤੇ ਰਿਪੋਰਟ ਕਰ ਸਕਦੇ ਹਨ।

**ਹਵਾਲੇ**

"ਸਾਡੇ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ, ਹਮੇਸ਼ਾ ਸਿਟੀ ਆਫ ਬ੍ਰੈਂਪਟਨ ਦੀ ਤਰਜੀਹ ਰਹੀ ਹੈ, ਪਰੰਤੂ ਹੁਣ ਖਾਸ ਤੌਰ ਤੇ। ਸਾਡੇ ਸਾਰਿਆਂ ਲਈ COVID-19 ਦੀ ਗੰਭੀਰਤਾ ਨੂੰ ਸਮਝਣਾ ਅਤੇ ਇਸਨੂੰ ਫੈਲਣ ਤੋਂ ਘੱਟ ਕਰਨ ਲਈ ਇਕੱਠੇ ਕੰਮ ਕਰਨਾ ਲਾਜ਼ਮੀ ਹੈ। ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ, ਸਿਟੀ ਲਗਾਤਾਰ ਕੋਈ ਵੀ ਜ਼ਰੂਰੀ ਉਪਾਅ ਲਾਗੂ ਕਰਦੀ ਰਹੇਗੀ। ਮੈਂ ਸਾਰੇ ਨਿਵਾਸੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਬ੍ਰੈਂਪਟਨ COVID-19 ਐਮਰਜੈਂਸੀ ਮੇਜਰਸ ਬਾਇ-ਲਾਅ ਦੀ ਪਾਲਣਾ ਕਰਨ ਅਤੇ ਹਮੇਸ਼ਾ ਸਰੀਰਕ ਦੂਰੀ ਕਾਇਮ ਰੱਖਣ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ COVID-19 ਐਮਰਜੈਂਸੀ ਮੇਜਰਸ ਬਾਇ-ਲਾਅ ਦੇ ਲਾਗੂ ਹੋਣ ਨਾਲ, ਸਿਟੀ ਦਾ ਸਟਾਫ਼, COVID-19 ਨੂੰ ਫੈਲਣ ਤੋਂ ਰੋਕਣ ਦੇ ਯਤਨਾਂ ਵਿੱਚ ਸਾਡੇ ਭਾਈਚਾਰੇ ਵਿੱਚ ਸਰੀਰਕ ਦੂਰੀ ਦਾ ਪ੍ਰਚਾਰ ਕਰ ਸਕੇਗਾ। ਸਟਾਫ਼ ਅਤੇ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਦਾ ਬਚਾਅ ਕਰਨ ਲਈ ਸਿਟੀ ਕੋਈ ਵੀ ਜ਼ਰੂਰੀ ਕਦਮ ਚੁੱਕਣਾ ਜਾਰੀ ਰੱਖੇਗੀ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca